ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ

# ਤੱਥ ਸ਼ੀਟ

ਇਹ ਤੱਥ ਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

ਮਈ 2011

# ਵਿਦੇਸ਼ੀ ਆਰਜ਼ੀ ਕਾਮੇ

ਵਿਦੇਸ਼ੀ ਆਰਜ਼ੀ ਕਾਮੇ (ਟੈਂਪਰੇਰੀ ਫੌਰਨ ਵਰਕਰਜ਼) *ਇੰਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ ਰੈਗੂਲੇਸ਼ਨ ਅਧੀਨ ਆਉਂਦੇ ਹਨ। ਇਹਨਾਂ ਸ਼ਰਤਾਂ ਵਿੱਚ ਓਵਰਟਾਈਮ ਦੀ ਤਨਖਾਹ, ਸਰਕਾਰੀ ਛੁੱਟੀਆਂ ਅਤੇ ਛੁੱਟੀਆਂ ਦੀ ਤਨਖਾਹ, ਸਾਲਾਨਾ ਛੁੱਟੀਆਂ ਅਤੇ ਛੁੱਟੀਆਂ ਦੀ ਤਨਖਾਹ ਅਤੇ ਘੱਟੋ ਘੱਟ ਤਨਖਾਹ ਦੀਆਂ ਸ਼ਰਤਾਂ ਸ਼ਾਮਲ ਹਨ।

### ਨੌਕਰੀ ਦੇਣ ਲਈ ਕੋਈ ਫੀਸ ਨਹੀਂ

ਕੋਈ ਵੀ ਵਿਅਕਤੀ ਕਿਸੇ ਵਿਅਕਤੀ ਤੋਂ ਹੇਠ ਲਿਖੀਆਂ ਚੀਜ਼ਾਂ ਲਈ ਫੀਸ ਨਹੀਂ ਲੈ ਸਕਦਾ:

- ਉਸ ਵਿਅਕਤੀ ਦੀ ਕੰਮ ਲੱਭਣ ਵਿੱਚ ਮਦਦ ਕਰਨ ਲਈ; ਜਾਂ
- ਮਿਲਣ ਵਾਲੀਆਂ ਨੌਕਰੀਆਂ ਬਾਰੇ ਜਾਣਕਾਰੀ ਦੇਣ ਲਈ।

ਕਿਸੇ ਵੀ ਆਰਜ਼ੀ ਵਿਦੇਸ਼ੀ ਕਾਮੇ ਤੋਂ ਨੌਕਰੀ ’ਤੇ ਰੱਖਣ ਦੀ ਸ਼ਰਤ ਵਜੋਂ ਇਮੀਗਰੇਸ਼ਨ ਵਿੱਚ ਸਹਾਇਤਾ ਲਈ ਪੈਸੇ ਨਹੀਂ ਲਏ ਜਾ ਸਕਦੇ।

ਕਿਸੇ ਵੀ ਆਰਜ਼ੀ ਵਿਦੇਸ਼ੀ ਕਾਮੇ ਤੋਂ ਇਹ ਯਕੀਨੀ ਬਣਾਉਣ ਲਈ ਬਾਂਡ ਨਹੀਂ ਰਖਾਇਆ ਜਾ ਸਕਦਾ ਜਾਂ ਡਿਪਾਜ਼ਟ ਨਹੀਂ ਲਿਆ ਜਾ ਸਕਦਾ ਕਿ ਉਹ ਕੰਮ ਦੀ ਮਿਆਦ ਜਾਂ ਨੌਕਰੀ ਦਾ ਕੰਟਰੈਕਟ (ਇਕਰਾਰਨਾਮਾ) ਪੂਰਾ ਕਰੇਗਾ ਜਾਂ ਜੁਰਮਾਨਾ ਅਦਾ ਕਰੇਗਾ ਜੇ ਉਸ ਨੇ ਕੰਮ ਦੀ ਮਿਆਦ ਪੂਰੀ ਨਾ ਕੀਤੀ ਜਾਂ ਨੌਕਰੀ ਦਾ ਕੰਟਰੈਕਟ ਪੂਰਾ ਨਾ ਕੀਤਾ।

ਕਿਸੇ ਵੀ ਆਰਜ਼ੀ ਵਿਦੇਸ਼ੀ ਕਾਮੇ ਤੋਂ ਕੰਮ-ਮਾਲਕ ਨੂੰ ਉਹ ਖਰਚਾ ਦੇਣ ਦੀ ਮੰਗ ਨਹੀਂ ਕੀਤੀ ਜਾ ਸਕਦੀ ਜਿਹੜਾ ਖਰਚਾ ਕੰਮ-ਮਾਲਕ ਨੇ ਕਾਮੇ ਨੂੰ ਲੱਭਣ ਲਈ ਕਿਸੇ ਇੰਪਲੌਏਮੈਂਟ ਏਜੰਸੀ ਜਾਂ ਕਿਸੇ ਹੋਰ ਨੂੰ ਦਿੱਤਾ ਹੈ।

### ਤਨਖਾਹ ਵਿੱਚੋਂ ਕਟੌਤੀਆਂ

ਕੰਮ-ਮਾਲਕ ਤਨਖਾਹ ਵਿੱਚੋਂ ਉਹ ਹੀ ਕਟੌਤੀਆਂ ਕਰ ਸਕਦਾ ਹੈ ਜਿਹੜੀਆਂ ਕਾਨੂੰਨ ਅਧੀਨ ਜ਼ਰੂਰੀ ਹੋਣ (ਉਦਾਹਰਨ ਲਈ, ਇਨਕਮ ਟੈਕਸ, ਕੈਨੇਡਾ ਪੈਨਸ਼ਨ ਪਲੈਨ ਲਈ ਕਟੌਤੀਆਂ, ਇੰਪਲੌਏਮੈਂਟ ਇੰਸ਼ੋਰੈਂਸ ਦੇ ਪ੍ਰੀਮੀਅਮ, ਯੂਨੀਅਨ ਦੇ ਚੰਦੇ)। ਕੰਮ-ਮਾਲਕ ਕਾਮੇ ਨੂੰ ਹੇਠ ਲਿਖੇ ਖਰਚਿਆਂ ਸਮੇਤ, ਬਿਜ਼ਨਸ ’ਤੇ ਆਏ ਕਿਸੇ ਵੀ ਹੋਰ ਖਰਚੇ ਦਾ ਕੋਈ ਵੀ ਹਿੱਸਾ ਅਦਾ ਕਰਨ ਲਈ ਨਹੀਂ ਕਹਿ ਸਕਦਾ:

- ਕਿਸੇ ਆਰਜ਼ੀ ਵਿਦੇਸ਼ੀ ਕਾਮੇ ਨੂੰ ਕੈਨੇਡਾ ਲਿਆਉਣ ਦਾ ਖਰਚਾ; ਜਾਂ
- ਚੋਰੀ, ਨੁਕਸਾਨ, ਟੁੱਟ-ਭੱਜ, ਭੈੜੇ ਕੰਮ, ਗਾਹਕ ਵਲੋਂ ਪੈਸੇ ਨਾ ਦਿੱਤੇ ਜਾਣ, ਆਦਿ ਵਰਗੀਆਂ ਚੀਜ਼ਾਂ ’ਤੇ ਆਏ ਖਰਚੇ।

ਜੇ ਕਾਮੇ ਨੇ ਲਿਖਤੀ ਮਨਜ਼ੂਰੀ ਦਿੱਤੀ ਹੋਵੇ ਤਾਂ ਮਾਲਕ ਤਨਖਾਹ ਵਿੱਚੋਂ ਐਡਵਾਂਸ ਦਿੱਤੇ ਪੈਸਿਆਂ ਅਤੇ ਵਾਧੂ ਦਿੱਤੇ ਪੈਸਿਆਂ ਲਈ ਕਟੌਤੀ ਕਰ ਸਕਦਾ ਹੈ।

### ਤਨਖਾਹਾਂ ਦੀ ਅਦਾਇਗੀ

ਜ਼ਰੂਰੀ ਹੈ ਕਿ ਤਨਖਾਹਾਂ ਕੈਨੇਡੀਅਨ ਕਰੰਸੀ ਵਿੱਚ ਚਿੱਕ, ਡਰਾਫਟ, ਮਨੀਆਰਡਰ ਜਾਂ ਕਾਮੇ ਦੇ ਖਾਤੇ ਵਿੱਚ ਸਿੱਧੀਆਂ ਜਮ੍ਹਾਂ ਕਰਵਾਕੇ ਦਿੱਤੀਆਂ ਜਾਣ। ਕੰਮ-ਮਾਲਕ ਤਨਖਾਹਾਂ ਦੀ ਥਾਂ ਵਸਤਾਂ ਜਾਂ ਸੇਵਾਵਾਂ ਨਹੀਂ ਦੇ ਸਕਦਾ।

ਮਾਲਕ ਲਈ ਜ਼ਰੂਰੀ ਹੈ ਕਿ ਉਹ ਲੇਬਰ ਮਾਰਕੀਟ ਓਪੀਨੀਅਨ ਵਿੱਚ ਦਰਜ ਕੀਤਾ ਤਨਖਾਹ ਦਾ ਰੇਟ ਦੇਵੇ। ਜੇ ਘੱਟ ਰੇਟ ਦਿੱਤਾ ਗਿਆ ਹੋਵੇ ਤਾਂ ਫਰਕ ਤਨਖਾਹ ਦੇ ਤੌਰ ’ਤੇ ਵਸੂਲਣਯੋਗ ਹੈ।

### ਜੇ ਨੌਕਰੀ ਖਤਮ ਹੋ ਜਾਵੇ

ਕੰਮ-ਮਾਲਕ ਕਾਮੇ ਨੂੰ ਲੋੜੀਂਦਾ ਨੋਟਿਸ ਜਾਂ ਨੋਟਿਸ ਦੀ ਥਾਂ ਤਨਖਾਹ ਦੇ ਕੇ ਕੰਮ ਤੋਂ ਹਟਾ ਸਕਦਾ ਹੈ।

ਕੰਮ-ਮਾਲਕ ਜਾਂ ਇੰਪਲੌਏਮੈਂਟ ਏਜੰਸੀ ਕਿਸੇ ਆਰਜ਼ੀ ਵਿਦੇਸ਼ੀ ਕਾਮੇ ਨੂੰ ਆਪਣੇ ਦੇਸ਼ ਜਾਣ ਲਈ ਮਜਬੂਰ ਨਹੀਂ ਕਰ ਸਕਦੀ ਜੇ ਕੰਮ-ਮਾਲਕ ਵਰਕ ਪਰਮਿਟ ਦੀ ਮਿਆਦ ਮੁੱਕਣ ਤੋਂ ਪਹਿਲਾਂ ਕੰਮ ਦੇ ਕੰਟਰੈਕਟ ਨੂੰ ਖਤਮ ਕਰ ਦੇਵੇ ਜਾਂ ਆਰਜ਼ੀ ਵਿਦੇਸ਼ੀ ਕਾਮਾ ਕਿਸੇ ਹੋਰ ਕੰਮ-ਮਾਲਕ ਕੋਲ ਕੰਮ ਲੱਭ ਲਵੇ। ਕਿਸੇ ਵੀ ਵਿਅਕਤੀ ਨੂੰ ਕੈਨੇਡਾ ਤੋਂ ਬਾਹਰ ਕੱਢਣ ਦਾ ਕਾਨੂੰਨੀ ਅਧਿਕਾਰ ਸਿਰਫ ਕੈਨੇਡਾ ਦੀ ਸਰਕਾਰ ਕੋਲ ਹੈ।

ਇੰਪਲੌਏਮੈਂਟ ਸਟੈਂਡਰਡਜ਼ ਕੋਲ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਕੰਮ-ਮਾਲਕ ਕੰਮ ’ਤੇ ਰੱਖੀ ਰੱਖਣ ਤੋਂ ਇਨਕਾਰ ਨਹੀਂ ਕਰ ਸਕਦਾ ਜਾਂ ਕਿਸੇ ਹੋਰ ਢੰਗ ਨਾਲ ਵਿਅਕਤੀ ਨਾਲ ਉਸ ਦੇ ਕੰਮ ਬਾਰੇ ਵਿਤਕਰਾ ਨਹੀਂ ਕਰ ਸਕਦਾ।

### ਸ਼ਿਕਾਇਤਾਂ

ਬੋਲੀ ਦੀ ਸਮੱਸਿਆ ਹੋਣ ਵਾਲੇ ਆਰਜ਼ੀ ਵਿਦੇਸ਼ੀ ਕਾਮਿਆਂ ਲਈ ਇੰਪਲੋਏਮੈਂਟ ਸਟੈਂਡਰਡਜ਼ ਕੋਲ ਸ਼ਿਕਾਇਤ ਕਰਨ ਤੋਂ ਪਹਿਲਾਂ ਸੈਲਫ-ਹੈਲਪ-ਕਿੱਟ ਵਰਤਣ ਦੀ ਸ਼ਰਤ ਨਹੀਂ ਹੈ।

Ministry of Labour, Citizens’ Services and Open Government

**ਜ਼ਿਆਦਾ ਜਾਣਕਾਰੀ ਲਈ:**

**ਫੋਨ:** 1 800 663-3316 ਜਾਂ 612-4100 ਪ੍ਰਿੰਸ ਜੌਰਜ ਵਿਚ

**ਵੈੱਬਸਾਈਟ:** www.labour.gov.bc.ca/esb